# BIIA ਪ੍ਰੋ-ਇਕੁਇਟੀ ਐਂਟੀ-ਰੇਸਿਜਮ (Pro-Equity Anti-Racism, PEAR) ਸਟੇਟਮੈਂਟ

ਉਦਯੋਗਿਕ ਬੀਮਾ ਅਪੀਲਾਂ ਦਾ ਬੋਰਡ (Board of Industrial Insurance Appeals, BIIA) ਵੱਧ ਤੋਂ ਵੱਧ ਸਮਾਜਿਕ, ਢਾਂਚਾਗਤ, ਅਤੇ ਆਰਥਿਕ ਰੁਕਾਵਟਾਂ ਨੂੰ ਘਟਾ ਕੇ ਜਾਂ ਦੂਰ ਕਰਕੇ ਨਿਆਂ ਤੱਕ ਮੁਕੱਦਮੇਬਾਜ਼ਾਂ ਦੀ ਪਹੁੰਚ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ ਤਾਂ ਜੋ ਇਸ ਵਿੱਚ ਸ਼ਾਮਲ ਸਾਰੇ ਲੋਕ ਅਪੀਲ ਦੇ ਗੁਣਾਂ 'ਤੇ ਧਿਆਨ ਦੇ ਸਕਣ। ਅਸੀਂ Washington ਰਾਜ ਦੇ ਅੰਦਰ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਵਿੱਚ ਸਾਡੀ ਏਜੰਸੀ ਦੀ ਭੂਮਿਕਾ ਦੇ ਮਹੱਤਵ ਨੂੰ ਪਛਾਣਦੇ ਹਾਂ।

ਅਸੀਂ ਆਪਣੇ ਕਰਮਚਾਰੀਆਂ ਅਤੇ ਗਾਹਕਾਂ ਦੇ ਵਿਭਿੰਨ ਪਿਛੋਕੜ ਤੋਂ ਜਾਣੂ ਹਾਂ ਅਤੇ ਕਿਵੇਂ ਵਿਤਕਰਾ ਬਹੁਤ ਨੁਕਸਾਨਦੇਹ ਤਰੀਕਿਆਂ ਨਾਲ ਓਵਰਲੈਪ ਅਤੇ ਮਿਸ਼ਰਤ ਹੋ ਸਕਦਾ ਹੈ। ਅਸੀਂ ਬਰਾਬਰ ਨਿਆਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਅਭਿਆਸਾਂ ਨੂੰ ਲਾਗੂ ਕਰਨ ਲਈ ਤਰਜੀਹ ਅਤੇ ਵਕਾਲਤ ਕਰਦੇ ਹਾਂ।

<u>ਬਾਹਰੀ ਵਚਨਬੱਧਤਾਵਾਂ</u>

ਅਸੀਂ ਇਨ੍ਹਾਂ ਲਈ ਵਚਨਬੱਧ ਹਾਂ:

- ਸਾਡੇ ਕੰਮ ਦੇ ਸੰਬੰਧ ਵਿੱਚ ਗਾਹਕ ਅਤੇ ਕਮਿਊਨਿਟੀ ਫੀਡਬੈਕ ਦੀ ਮੰਗ ਕਰਨਾ ਅਤੇ ਜਵਾਬ ਦੇਣਾ।
- ਸਾਡੀ ਅਪੀਲ ਪ੍ਰਕਿਰਿਆ ਦੇ ਹਰ ਪੱਧਰ 'ਤੇ ਸੰਚਾਰ ਅਤੇ ਤਕਨਾਲੋਜੀ ਨੂੰ ਬਿਹਤਰ ਬਣਾਉਣਾ।
- ਅਜਿਹੀ ਭਾਸ਼ਾ ਦੀ ਵਰਤੋਂ ਕਰਨਾ ਜੋ ਹਰੇਕ ਵਿਅਕਤੀ ਦੇ ਅੰਦਰੂਨੀ ਗੌਰਵ ਅਤੇ ਮਹੱਤਵ ਨੂੰ ਪਛਾਣਦੀ ਹੈ।
- ਸਾਰੇ ਗਾਹਕਾਂ ਦੀ ਅਜਿਹੇ ਤਰੀਕੇ ਨਾਲ ਸੇਵਾ ਕਰਨਾ ਜੋ ਉਨ੍ਹਾਂ ਦੇ ਜ਼ੁਲਮ ਜਾਂ ਬੇਦਖਲੀ ਦੇ ਜੀਵਤ ਅਨੁਭਵ ਨੂੰ ਕਾਇਮ ਨਾ ਰੱਖੇ।
- ਬਰਾਬਰ ਵਿਹਾਰ, ਨਸਲਵਾਦ-ਵਿਰੋਧੀ ਮਾਹੌਲ ਨੂੰ ਕਾਇਮ ਰੱਖਣਾ।

<u>ਅੰਦਰੂਨੀ ਵਚਨਬੱਧਤਾਵਾਂ</u>

ਅਸੀਂ ਇਨ੍ਹਾਂ ਲਈ ਵਚਨਬੱਧ ਹਾਂ:

- ਉਹਨਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਦੀ ਕੋਸ਼ਿਸ਼ ਕਰਨਾ ਜੋ ਉਨ੍ਹਾਂ ਬਹੁ-ਸੱਭਿਆਚਾਰਕ ਭਾਈਚਾਰਿਆਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।
- ਸਾਡੇ ਕਰਮਚਾਰੀ ਦੇ ਦਾਖਲੇ, ਭਰਤੀ, ਸਿਖਲਾਈ, ਤਰੱਕੀ, ਅਤੇ ਧਾਰਨ ਪ੍ਰਕਿਰਿਆਵਾਂ ਅਤੇ ਢੰਗਾਂ ਵਿੱਚ ਬਰਾਬਰ ਵਿਹਾਰ ਅਤੇ ਨਸਲਵਾਦ ਵਿਰੋਧੀ ਮਾਹੌਲ ਸੁਨਿਸ਼ਚਿਤ ਕਰਨਾ।
- ਅਜਿਹਾ ਮਾਹੌਲ ਬਨਾਉਣਾ ਜੋ ਸਾਰੇ ਕਰਮਚਾਰੀਆਂ ਲਈ ਬਰਾਬਰ ਮੌਕੇ ਪ੍ਰਦਾਨ ਕਰਦਾ ਹੈ।
- ਸਾਡੀ ਏਜੰਸੀ ਦੇ ਅੰਦਰ ਇੱਕ ਭਾਈਚਾਰਕ ਭਾਵਨਾ ਪੈਦਾ ਕਰਨਾ ਜੋ ਇਹ ਸੁਨਿਸ਼ਚਿਤ ਕਰਦੀ ਹੈ ਕਿ ਹਰੇਕ ਵਿਅਕਤੀ ਦੀ ਗੱਲ ਸੁਣੀ ਜਾਵੇ।
- ਆਪਣੇ ਕਰਮਚਾਰੀਆਂ ਦੀ ਸਹਾਇਤਾ ਕਰਨਾ ਕਿਉਂਕਿ ਉਹ ਨਸਲਵਾਦ ਵਿਰੋਧੀ, ਬਰਾਬਰ ਵਿਹਾਰ, ਅਤੇ ਸਮਾਵੇਸ਼ ਨਾਲ ਆਪਣੀ ਨਿਪੁੰਨਤਾ ਵਿਕਸਿਤ ਕਰਦੇ ਹਨ।

ਅਸੀਂ ਘੱਟੋ-ਘੱਟ ਸਾਲਾਨਾ ਇਸ ਬਿਆਨ ਦਾ ਲਗਾਤਾਰ ਮੁਲਾਂਕਣ ਅਤੇ ਇਸਦੀ ਪੜਤਾਲ ਕਰਾਂਗੇ ਇਹ ਸੁਨਿਸ਼ਚਿਤ ਕਰਨ ਲਈ ਕਿ ਅਸੀਂ ਆਪਣੀਆਂ ਵਚਨਬੱਧਤਾਵਾਂ ਵਿੱਚ ਅੱਗੇ ਵਧ ਰਹੇ ਹਾਂ।

ਮਿਤੀ: 27 ਦਸੰਬਰ, 2022